**Asian Educational Institute**
**(An Autonomous College)**
**ਪੇਪਰ - ਪੰਜਾਬੀ ਲਾਜ਼ਮੀ**
**PAPER: PUNJABI COMPULSORY**
**ਬੀ. ਏ. ਭਾਗ- ਦੂਜਾ, ਸਮੈਸਟਰ ਤੀਜਾ**
**ਵਿਸ਼ਾ ਕੋਡ PBI COM (03)**
**ACADEMIC SESSION 2025-26**

ਕੁਲ ਅੰਕ 100
ਅੰਦਰੂਨੀ ਮੁਲਾਂਕਣ 30
ਬਾਹਰੀ ਪ੍ਰੀਖਿਆ 70 ਅੰਕ
**ਸਮਾਂ: 3 ਘੰਟੇ**

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ 35
ਅੰਕ ਅਧਿਆਪਨ 06 ਪੀਰੀਅਡ ਪ੍ਰਤੀ ਹਫਤਾ
ਕੁੱਲ 04 ਕ੍ਰੈਡਿਟ

**ਪਾਠਕ੍ਰਮ ਅਤੇ ਪਾਠ ਪੁਸਤਕਾਂ**

**ਭਾਗ - ੳ**

**ਭਾਗ - ੳ 1** ਨਿਬੰਧ ਕੀ ਹੁੰਦਾ ਹੈ, ਨਿਬੰਧ ਦਾ ਸਰੂਪ/ਪ੍ਰਕ੍ਰਿਤੀ/ਵਿਸ਼ੇਸ਼ਤਾਵਾਂ, ਤੱਤ । 12 ਅੰਕ

**ਭਾਗ ੳ-2** 'ਚੋਣਵੇਂ ਪੰਜਾਬੀ ਨਿਬੰਧ' ਸੰਪਾਦਕ ਡਾ. ਜੋਗਿੰਦਰ ਸਿੰਘ ਪੁਆਰ, ਡਾ. ਪਰਮਜੀਤ ਸਿੰਘ ਸਿੱਧੂ ਪੰਜਾਬੀ ਯੂਨੀਵਰਸਿਟੀ, ਪਟਿਆਲਾ। 12 ਅੰਕ

(ਨੋਟ – ਵਿਦਿਆਰਥੀਆਂ ਨੂੰ ਨਿਬੰਧ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਨਿਬੰਧ ਬਾਰੇ ਉਨ੍ਹਾਂ ਨੂੰ ਆਪਣੀ ਰਾਇ ਬਣਾਉਣ ਅਤੇ ਪਾਠਕੀ ਹੁੰਗਾਰੇ ਨੂੰ ਦਰਜ ਕਰਨਾ ਸਿਖਾਇਆ ਜਾਵੇਗਾ।)

**ਭਾਗ - ਅ**

**ਭਾਗ-ਅ 1** ਪੰਜਾਬੀ ਪੱਤਰਕਾਰੀ

(1)ਖਬਰ (2) ਵਿਸ਼ੇਸ਼ ਅਖਬਾਰੀ ਰਿਪੋਰਟ (3) ਫੀਚਰ ਲੇਖਣ (4) ਇਸ਼ਤਿਹਾਰ ਲੇਖਣ (5) ਇਸ਼ਤਿਹਾਰੀ ਖਬਰ- ਸੰਕਲਪ ਅਤੇ ਅਭਿਆਸ 12 ਅੰਕ

**(ਇਸ ਖੰਡ ਦੇ ਅਧਾਰ ਤੇ ਵਿਦਿਆਰਥੀਆਂ ਤੋਂ ਇੱਕ ਅਭਿਆਸ ਪੁਸਤਕ ਤਿਆਰ ਕਰਵਾਈ ਜਾਵੇਗੀ ਉਸ ਵਿੱਚ ਵਿਦਿਆਰਥੀ ਕੁੱਲ 20 ਪੰਨੇ** ਦੀਆਂ ਖਬਰਾਂ, ਵਿਸ਼ੇਸ ਅਖਬਾਰੀ ਰਿਪੋਰਟਾਂ, ਨਿਊਜ਼ ਫੀਚਰ, ਇਸ਼ਤਿਹਾਰੀ ਖਬਰਾਂ ਤਿਆਰ ਕਰੇਗਾ। ਪਰ ਵੰਨਗੀ ਦੀਆਂ ਘੱਟ ਤੋਂ ਘੱਟ 2 ਲਿਖਤਾਂ ਜ਼ਰੂਰ ਸ਼ਾਮਿਲ ਕੀਤੀਆਂ ਜਾਣਗੀਆਂ। ਅੰਦਰੂਨੀ ਮੁਲਾਂਕਣ ਵਿੱਚ ਅਸਾਈਨਮੈਂਟ ਦੇ ਨੰਬਰ ਇਸ ਪੁਸਤਕ ਦੇ ਅਧਾਰ ਤੇ ਦਿੱਤੇ ਜਾਣਗੇ)

**ਭਾਗ ਅ 2** ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਨਾਲ ਜਾਣਪਛਾਣ –

(ੳ) ਪੰਜਾਬੀ ਭਾਸ਼ਾ ਦਾ ਇਤਿਹਾਸ ਅਤੇ ਇਲਾਕਾਈ ਵੰਨਗੀਆਂ
(ਅ) ਗੁਰਮੁਖੀ ਲਿਪੀ ਦਾ ਇਤਿਹਾਸ ਅਤੇ ਗੁਰਮੁਖੀ ਆਰਥੋਗ੍ਰਾਫੀ
(ੲ) ਪੰਜਾਬੀ ਧੁਨੀ ਵਿਉਂਤ ਸਵਰ, ਵਿਅੰਜਨ, ਖੰਡੀ ਅਤੇ ਅਖੰਡੀ ਧੁਨੀ 12 ਅੰਕ

## ਭਾਗ - ੲ

ਉਪਰੋਕਤ ਪਾਠਕ੍ਰਮ ਤੇ ਅਧਾਰਿਤ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ। 22 ਅੰਕ

## ਅੰਕ ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ,ਅ ਅਤੇ ੲ ਹੋਣਗੇ।
2. ਭਾਗ ੳ-1 ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿੱਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ ਇਹ ਪ੍ਰਸ਼ਨ ਦਿੱਤੇ ਗਏ ਗਲਪ ਰੂਪਾਂ ਦੇ ਸਰੂਪ ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ। 12 ਅੰਕ
3. ਭਾਗ ੳ-2 ਵਿੱਚੋਂ 2 ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿੱਚੋਂ ਵਿਦਿਆਰਥੀ ਨੇ ਇੱਕ ਦਾ ਉੱਤਰ ਦੇਣਾ ਹੋਵੇਗਾ। ਨਿਬੰਧਾਂ ਬਾਰੇ ਪਾਠਕੀ ਹੁੰਗਾਰਾ ਨਿਬੰਧ ਬਾਰੇ ਵਿਦਿਆਰਥੀ ਦੇ ਪ੍ਰਭਾਵ ਨਿਬੰਧ ਦੇ ਮੰਤਵ ਅਤੇ ਜੀਵਨ ਨੂੰ ਸਮਝਣ ਵਿੱਚ ਨਿਬੰਧ ਦੇ ਮਹੱਤਵ ਬਾਰੇ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ। 12 ਅੰਕ
4. ਭਾਗ ਅ -1 ਵਿੱਚ ਦਰਜ ਪੱਤਰਕਾਰੀ ਰੂਪਾਂ ਦਾ ਪਰਿਭਾਸ਼ਾ, ਸਰੂਪ, ਪ੍ਰਕਾਰਜ ਅਤੇ ਮਹੱਤਵ ਦੇ ਨਾਲ-ਨਾਲ ਇਨ੍ਹਾਂ ਰੂਪਾਂ ਦੇ ਆਪਸੀ ਨਿਖੇੜੇ ਬਾਰੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਇਸ ਭਾਗ ਵਿੱਚੋਂ ਕੁੱਲ 4 ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਵਿਦਿਆਰਥੀ ਨੇ 2 ਪ੍ਰਸ਼ਨਾਂ ਦਾ ਉੱਤਰ ਇੱਕ ਡੇਢ ਪੰਨੇ ਵਿੱਚ ਦੇਣਾ ਹੋਵੇਗਾ। 6X2=12
5. ਭਾਗ ਅ-2 ਵਿੱਚੋਂ 5 ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿੱਚੋਂ ਵਿਦਿਆਰਥੀ ਨੇ ਤਿੰਨ ਪ੍ਰਸ਼ਨਾਂ ਦਾ ਉੱਤਰ ਇੱਕ ਡੇਢ ਪੰਨੇ ਵਿੱਚ ਦੇਣਾ ਹੋਵੇਗਾ। 3X4=12
6. ਭਾਗ-ੲ ਵਿੱਚ ਪਾਠਕ੍ਰਮ ਦੇ ਭਾਗ ੳ ਅਤੇ ਅ ਵਿੱਚੋਂ :1 ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦੇਣੇ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ। 11x2 = 22

## ਸਹਾਇਕ ਪਾਠ-ਸਮੱਗਰੀ


1. ਰਜਿੰਦਰ ਪਾਲ ਸਿੰਘ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ।
2. ਪਰਮਿੰਦਰ ਸਿੰਘ ਅਤੇ ਕਿਰਪਾਲ ਸਿੰਘ ਕਸੇਲ, ਸਾਹਿਤ ਦੇ ਰੂਪ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
3. ਟੀ.ਆਰ. ਵਿਨੋਦ ਨਾਵਲ ਆਲੋਚਨਾ ਸ਼ਬਦਾਵਲੀ ਕੋਸ਼ ਪੰਜਾਬੀ ਯੂਨੀਵਰਸਿਟੀ, ਪਟਿਆਲਾ 1999।
4. ਜਗਜੀਤ ਸਿੰਘ 1988, ਪੰਜਾਬੀ ਵਿਆਕਰਨ ਸ੍ਰੇਣੀਆਂ ਤੇ ਇਕਾਈਆਂ ਨਿਊ ਬੁੱਕ ਕੰਪਨੀ
5. ਬੂਟਾ ਸਿੰਘ ਬਰਾੜ 2004, ਪੰਜਾਬੀ ਭਾਸ਼ਾ ਸਰੋਤ ਤੇ ਸਰੂਪ, ਅੰਮ੍ਰਿਤਸਰ ਵਾਰਿਸ ਸ਼ਾਹ ਫਾਊਂਡੇਸ਼ਨ
6. ਪ੍ਰੋ. ਸ਼ੈਰੀ ਸਿੰਘ ਅਤੇ ਬ੍ਰਹਮ ਜਗਦੀਸ਼, ਭਾਸ਼ਾ ਵਿਗਿਆਨ ਤੇ ਗੁਰਮੁਖੀ ਲਿਪੀ, ਵਾਰਿਸ ਸ਼ਾਹ ਫਾਊਂਡੇਸ਼ਨ

**Asian Educational Institute**
**(An Autonomous College)**
**ਪੇਪਰ - ਪੰਜਾਬੀ ਲਾਜ਼ਮੀ**

**PAPER: PUNJABI COMPULSORY**
**ਬੀ.ਏ. ਭਾਗ-ਦੂਜਾ, ਸਮੈਸਟਰ ਚੌਥਾ**

**ਵਿਸ਼ਾ ਕੋਡ PBI COM (04)**

**ACADEMIC SESSION 2025-26**

ਕੁਲ ਅੰਕ 100
ਅੰਦਰੂਨੀ ਮੁਲਾਂਕਣ 30
ਬਾਹਰੀ ਪ੍ਰੀਖਿਆ 70 ਅੰਕ
**ਸਮਾਂ: 3 ਘੰਟੇ**

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ 35
ਅੰਕ ਅਧਿਆਪਨ 06 ਪੀਰੀਅਡ ਪ੍ਰਤੀ ਹਫਤਾ
ਕੁੱਲ 04 ਕ੍ਰੈਡਿਟ

**ਪਾਠਕ੍ਰਮ ਅਤੇ ਪਾਠ ਪੁਸਤਕਾਂ**

**ਭਾਗ - ੳ**

**ਭਾਗ - ੳ 1** ਨਾਵਲ ਕੀ ਹੁੰਦਾ ਹੈ? ਨਾਵਲ ਦਾ ਸਰੂਪ, ਤੱਤ, ਨਾਵਲ ਅਤੇ ਕਹਾਣੀ ਵਿੱਚ ਅੰਤਰ। 12 ਅੰਕ

**ਭਾਗ - ੳ2** ਨਾਵਲ ਪਿੰਜਰ (ਅੰਮ੍ਰਿਤਾ ਪ੍ਰੀਤਮ)

**ਨੋਟ** – ਵਿਦਿਆਰਥੀਆਂ ਨੂੰ ਨਾਵਲ ਪੜ੍ਹਨ ਦੇ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਨਾਵਲ ਬਾਰੇ ਉਸ ਨੂੰ ਆਪਣੀ ਰਾਇ ਬਣਾਉਣ ਅਤੇ ਪਾਠਕੀ ਹੁੰਗਾਰੇ ਨੂੰ ਦਰਜ ਕਰਨਾ ਸਿਖਾਇਆ ਜਾਵੇਗਾ। 12 ਅੰਕ

**ਭਾਗ - ਅ**

**ਭਾਗ - ਅ 1** ਪੰਜਾਬੀ ਕੰਪਿਊਟਰ ਸਿਖਲਾਈ

(1)ਗੁਰਮੁਖੀ ਫੌਂਟ ਆਰੰਭ ਅਤੇ ਵਿਕਾਸ

(2) ਫੌਂਟ ਬਦਲੀ ਤਕਨੀਕ (ਫੌਂਟ ਕਨਵਰਟਰ) ਮੁੱਢਲੀ ਜਾਣਕਾਰੀ

(3) ਯੂਨੀਕੋਡ ਪ੍ਰਣਾਲੀ ਨਾਲ ਜਾਣ-ਪਛਾਣ

(ਇਸ ਹਿੱਸੇ ਲਈ ਵਿਦਿਆਰਥੀ ਅਭਿਆਸ-ਪੁਸਤਕ ਤਿਆਰ ਕਰੇਗਾ, ਇਹ ਅਭਿਆਸ ਪੁਸਤਕ ਸੌਫਟ ਰੂਪ ਵਿੱਚ ਹੋਵੇਗੀ। ਅਧਿਆਪਕ ਉਸ ਦੇ ਸੌਫਟ ਰੂਪ ਦਾ ਮੁਲਾਂਕਣ ਕਰੇਗਾ ਪਰ ਵਿਦਿਆਰਥੀ ਰਿਕਾਰਡ ਹਿਤ ਇਸ ਦਾ ਪ੍ਰਿੰਟ ਕਢਵਾ ਕੇ ਅਧਿਆਪਕ ਨੂੰ ਜਮ੍ਹਾਂ ਕਰਵਾਏਗਾ। ਉਹ ਆਪਣੇ ਮੁੱਖ ਵਿਸ਼ਿਆਂ ਨਾਲ ਸਬੰਧਿਤ 20 ਤੋਂ 25 ਪੰਨੇ (ਰਾਵੀ ਯੂਨੀਕੋਡ ਫੌਂਟ ਮਾਪ 12, ਸਤਰਾਂ ਵਿੱਚ ਵਿੱਥ 1.5, ਡਿਫਾਲਟ ਪੇਜ ਸੈਟਿੰਗ) ਲਿਖੇਗਾ, ਜਿਸ ਵਿੱਚ ਘੱਟ ਤੋਂ ਘੱਟ 10 ਲਿਖਤਾਂ ਜ਼ਰੂਰ ਹੋਣ। 12 ਅੰਕ

**ਭਾਗ - ਅ 2 ਵਿਆਕਰਨ -**

(ੳ) ਸ਼ਬਦ ਸ਼੍ਰੇਣੀਆਂ – ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ

(ਅ) ਵਿਆਕਰਣਕ ਵਰਗ – ਲਿੰਗ, ਵਚਨ, ਕਾਲ, ਕਾਰਕ, ਪੁਰਖ, ਵਾਚ, ਪੱਖ (ਇਨ੍ਹਾਂ ਦੀ ਪਰਿਭਾਸ਼ਾ ਅਤੇ ਪੰਜਾਬੀ ਭਾਸ਼ਾ ਦੇ ਹਵਾਲੇ ਨਾਲ ਇਨ੍ਹਾਂ ਦੀ ਸਮਝ)

(ੲ) ਗੁਰਬਾਣੀ ਵਿਆਕਰਣ ਨਾਲ ਜਾਣ-ਪਛਾਣ (ਭੂਮਿਕਾ (ਪੰਨਾ ੳ ਤੋਂ ਖ ਤੱਕ) ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਪਹਿਲੀ, (ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ) ਦੇ ਪ੍ਰਸੰਗ ਵਿੱਚ) 12 ਅੰਕ

**ਭਾਗ - ੲ**

ਪਾਠਕ੍ਰਮ ਦੇ ਭਾਗ ੳ ਅਤੇ ਅ ਵਿੱਚੋਂ ਸੰਖੇਪ ਉੱਤਰਾਂ ਵਾਲੇ 11 ਪ੍ਰਸ਼ਨ। 22 ਅੰਕ

## ਅੰਕ ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ।
2. ਭਾਗ ੳ-1 ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ। ਇਹ ਪ੍ਰਸ਼ਨ ਦਿੱਤੇ ਗਏ ਗਲਪ ਰੂਪਾਂ ਦੇ ਸਰੂਪ ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ। 12 ਅੰਕ
3. ਭਾਗ ੳ -2 ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ ਜਿਨ੍ਹਾਂ ਵਿਚੋਂ ਵਿਦਿਆਰਥੀ ਨੇ ਇਕ ਦਾ ਉੱਤਰ ਦੇਣਾ ਹੋਵੇਗਾ ਨਾਵਲ ਬਾਰੇ ਪਾਠਕੀ ਹੁੰਗਾਰਾ ਨਾਵਲ ਬਾਰੇ ਵਿਦਿਆਰਥੀ ਦੇ ਪ੍ਰਭਾਵ, ਨਾਵਲ ਦੇ ਮੰਤਵ ਅਤੇ ਜੀਵਨ ਨੂੰ ਸਮਝਣ ਵਿੱਚ ਨਾਵਲ ਦੇ ਮਹੱਤਵ ਬਾਰੇ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ ਇਸ ਭਾਗ ਵਿੱਚ ਪਾਤਰਾਂ ਬਾਰੇ ਵੀ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਨਾਵਲ ਦੇ ਵਿਸ਼ੇ-ਵਸਤੂ, ਵਿਚਾਰਧਾਰਾ, ਸਮਕਾਲੀ ਜੀਵਨ ਵਿੱਚ ਨਾਵਲ ਦੇ ਵਿਸ਼ੇ ਦੇ ਮਹੱਤਵ ਪਾਤਰਾਂ ਦੀ ਘਾੜਤ, ਮਨਪਸੰਦ ਪਾਤਰ, ਪਾਤਰਾਂ ਦੇ ਸੁਭਾਅ ਦਾ ਵਿਸ਼ਲੇਸ਼ਣ ਕਰਨ ਲਈ ਕਿਹਾ ਜਾ ਸਕਦਾ ਹੈ। ਪ੍ਰਸ਼ਨ ਪੱਤਰ ਬਣਾਉਣ ਲੱਗਿਆਂ ਧਿਆਨ ਰੱਖਿਆ ਜਾਵੇ ਕਿ ਵਿਦਿਆਰਥੀ ਦੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਉਤਸ਼ਾਹਿਤ ਕੀਤਾ ਜਾਵੇ। 12 ਅੰਕ
4. ਭਾਗ ਅ-1 ਦੇ ਕੰਪਿਊਟਰ ਸਿਖਲਾਈ ਵਾਲੇ ਭਾਗ ਵਿਚੋਂ 4 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਦੋ ਪ੍ਰਸ਼ਨ ਦਾ ਉੱਤਰ ਇੱਕ ਡੇਢ ਪੰਨੇ ਵਿੱਚ ਲਿਖੇਗਾ। 2x6= 12 ਅੰਕ
5. ਭਾਗ ਅ -2 ਵਿਚਲੇ ਵਿਆਕਰਣ ਨਾਲ ਸਬੰਧਿਤ ਵਿਸ਼ਿਆਂ ਵਿਚੋਂ 5 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ 3 ਦਾ ਉੱਤਰ ਇੱਕ ਡੇਢ ਪੰਨੇ ਵਿੱਚ ਵਿੱਚ ਲਿਖੇਗਾ। 3x4=12
6. ਪ੍ਰਸ਼ਨ ਪੱਤਰ ਦੇ ਭਾਗ ੲ ਵਿੱਚ 11 ਪ੍ਰਸ਼ਨ ਪੁੱਛੇ ਜਾਣਗੇ, ਵਿਦਿਆਰਥੀ ਨੇ ਇਨ੍ਹਾਂ ਸਾਰਿਆਂ ਦੇ ਸੰਖੇਪ ਉੱਤਰ ਲਿਖਣੇ ਹੋਣਗੇ। ਇਹ ਪ੍ਰਸ਼ਨ ਪਾਠਕ੍ਰਮ ਦੇ ਭਾਗ ੳ, ਅ-1 ਅਤੇ ਅ-2 ਵਿਚ ਦਰਜ ਵਿਸ਼ਿਆਂ ਦੇ ਆਧਾਰ ਤੇ ਹੋਣਗੇ। 11x2=22

## ਸਹਾਇਕ ਪਾਠ-ਸਮੱਗਰੀ


1. ਰਾਜਿੰਦਰਪਾਲ ਸਿੰਘ ਬਰਾੜ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ – ਸਿਧਾਂਤ ਅਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
2. ਜੋਗਿੰਦਰ ਸਿੰਘ ਪੁਆਰ ਅਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਣ ਭਾਗ-11, ਪੰਜਾਬੀ ਭਾਸ਼ਾ ਅਕਾਦਮੀ ਜਲੰਧਰ, 1992
3. ਗਿ. ਲਾਲ ਸਿੰਘ ਤੇ ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਣ, ਪੰਜਾਬ ਸਟੇਟ ਯੂਨੀ. ਟੈਕਸਟ ਬੁੱਕ ਬੋਰਡ, ਚੰਡੀਗੜ੍ਹ।
4. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਪੁਨਰ ਚਿੰਤਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।
5. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ।
6. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਲੁਧਿਆਣਾ।
7. ਸੰਤ ਸਿੰਘ ਸੇਖੋਂ, ਸਾਹਿਤਆਰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ।
8. ਸੀ.ਪੀ. ਕੰਬੋਜ, ਪੰਜਾਬੀ ਭਾਸ਼ਾ ਦਾ ਕੰਪਿਊਟਰੀਕਰਨ, ਗਰੇਸ਼ੀਅਸ ਬੁੱਕਸ, ਪਟਿਆਲਾ।